Roll No. ..... Total Pages : 2

10287

LMDE/M-24

PUNJABI KISSA ATE BIR RASI KAAV

Paper–NAPBI-201

Time : Three Hours] [Maximum Marks : 80

ਨੋਟ : (i) ਪਹਿਲਾ ਪ੍ਰਸ਼ਨ ਲਾਜ਼ਮੀ ਹੈ।

(ii) ਵਿਦਿਆਰਥੀ ਨੇ ਹਰ ਯੂਨਿਟ ਵਿੱਚੋਂ **ਇੱਕ** ਪ੍ਰਸ਼ਨ ਕਰਨਾ ਹੈ।

(iii) ਹਰ ਪ੍ਰਸ਼ਨ 16 ਨੰਬਰ ਦਾ ਹੈ।

1. ਹੇਠ ਲਿਖੇ ਚਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ। ਹਰ ਪ੍ਰਸ਼ਨ ਦਾ ਉੱਤਰ ਇੱਕ ਪੰਨੇ ਤੱਕ ਹੋਵੇ :

(ੳ) ਕਿੱਸੇ ਵਿੱਚ ਵਰਤੀ ਜਾਂਦੀ 'ਕਾਵਿਓਵਾਚ' ਦੀ ਜੁਗਤ ਨੂੰ ਉਦਾਹਰਣ ਸਹਿਤ ਸਮਝਾਓ।

(ਅ) ਕਿੱਸੇ ਅਤੇ ਵਾਰ ਵਿੱਚ ਅੰਤਰ-ਨਿਖੇੜ ਕਰੋ।

(ੲ) ਵਾਰਿਸ ਦੁਆਰਾ ਆਪਣੇ ਕਿੱਸੇ ਵਿੱਚ ਕੀਤੇ ਹੀਰ ਦੇ ਨਖ਼ਸ਼ਸ਼ ਵਰਣਨ ਨੂੰ ਉਦਾਹਰਣ ਸਹਿਤ ਬਿਆਨ ਕਰੋ।

(ਸ) 'ਚੰਡੀ ਦੀ ਵਾਰ' ਦੇ ਸੋਮੇ ਬਾਰੇ ਸੰਖੇਪ ਚਰਚਾ ਕਰੋ।

(4×4=16)

ਯੂਨਿਟ ਪਹਿਲਾ

2. ਪੰਜਾਬੀ ਕਿੱਸਾ ਕਾਵਿ ਦੀਆਂ ਬਿਰਤਾਂਤਕ ਰੂੜੀਆਂ ਬਾਰੇ ਜਾਣਕਾਰੀ ਦਿਓ।

3. ਪੰਜਾਬੀ ਵਾਰ ਸਾਹਿਤ ਦਾ ਕਾਵਿ ਸ਼ਾਸ਼ਤਰ ਉਲੀਕੋ। (16×1=16)

ਯੂਨਿਟ ਦੂਜਾ

4. ਵਾਰਿਸ ਦੀ ਕਾਵਿ ਕਲਾ ਦੀਆਂ ਕਿਹੜੀਆਂ ਖੂਬੀਆਂ ਹਨ ਜੋ ਕਿੱਸਾ 'ਹੀਰ' ਨੂੰ ਪੰਜਾਬੀ ਕਿੱਸਾ ਸਾਹਿਤ ਦੀ ਸ਼ਾਹਕਾਰ ਕਿਰਤ ਬਣਾਉਂਦੀਆਂ ਹਨ?

5. ਵਾਰਿਸ ਦੁਆਰਾ ਆਪਣੇ ਕਿੱਸੇ 'ਹੀਰ' ਵਿੱਚ ਪੇਸ਼ ਤਤਕਾਲੀ ਪੰਜਾਬੀ ਸਮਾਜ-ਸਭਿਆਚਾਰ ਦਾ ਜੋ ਵਰਣਨ ਹੋਇਆ ਹੈ, ਉਸ ਬਾਰੇ ਆਲੋਚਨਾਤਮਕ ਵਿਚਾਰ ਚਰਚਾ ਕਰੋ। (16×1=16)

ਯੂਨਿਟ ਤੀਜਾ

6. 'ਚੰਡੀ ਦੀ ਵਾਰ' ਦੇ ਛੰਦ ਵਿਧਾਨ ਉੱਪਰ ਵਿਸਥਾਰਤ ਨੋਟ ਲਿਖੋ।

7. 'ਚੰਡੀ ਦੀ ਵਾਰ' ਨੇਕੀ ਉੱਪਰ ਬਦੀ ਦੀ ਜਿੱਤ ਦੇ ਸੰਕਲਪ ਨੂੰ ਦ੍ਰਿੜਾਉਂਦੀ ਹੈ। ਇਸ ਕਥਨ ਦੀ ਪੁਸ਼ਟੀ ਦਲੀਲਾਂ ਸਹਿਤ ਕਰੋ। (16×1=16)

ਯੂਨਿਟ ਚੌਥਾ

8. 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਵਿੱਚ ਸ਼ਾਹ ਮਹੁੰਮਦ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਪਿੱਛੇ ਕਾਰਜਸ਼ੀਲ ਸਿਆਸੀ ਕਾਰਣਾਂ ਨੂੰ ਬਾਖੂਬੀ ਚਿਤਰਦਾ ਹੈ। ਇਸ ਕਥਨ ਦੀ ਪੁਸ਼ਟੀ ਉਦਾਹਰਣਾਂ ਸਹਿਤ ਕਰੋ।

9. 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਦੇ ਆਧਾਰ 'ਤੇ ਸ਼ਾਹ ਮਹੁੰਮਦ ਦੇ ਪੰਜਾਬੀਅਤ ਦੇ ਸੰਕਲਪ ਨੂੰ ਚਰਚਾ ਦਾ ਵਿਸ਼ਾ ਬਣਾਓ। (16×1=16)